Punjabi

# ਮਰੀਜ਼ ਲਈ: ਹਾਇਡ੍ਰੌਕਸੀਯੁਰੇਆ
ਹੋਰ ਨਾਂ: ਹਾਇਡ੍ਰੀਆ, ਐਪੋ-ਹਾਇਡ੍ਰੌਕਸੀਯੁਰੇਆ),
ਜੈੱਨ- ਹਾਇਡ੍ਰੌਕਸੀਯੁਰੇਆ

# For the Patient: Hydroxyurea
Other names: HYDREA®, APO-HYDROXYUREA®,
GEN-HYDROXYUREA®

BC Cancer Agency
CARE + RESEARCH
An agency of the Provincial Health Services Authority

- Hydroxyurea (ਹਾਇਡ੍ਰੌਕਸੀਯੁਰੇਆ) ਇੱਕ ਅਜਿਹੀ ਦਵਾਈ ਹੈ ਜਿਸ ਦਾ ਇਸਤੇਮਾਲ ਅਨੇਕ ਤਰ੍ਹਾਂ ਦੇ ਕੈਂਸਰ ਦੇ ਇਲਾਜ ਲਈ ਕੀਤਾ ਜਾਂਦਾ ਹੈ। ਇਹ ਇੱਕ ਕੈਪਸੂਲ ਹੈ ਜਿਸ ਨੂੰ ਤੁਸੀਂ ਮੂੰਹ ਰਾਹੀਂ ਲੈਂਦੇ ਹੋ।
  Hydroxyurea (hye-DROX-ee-yoo-REE-ah) is a drug that is used to treat many types of cancers. It is a capsule that you take by mouth.

- ਜੇ ਤੁਹਾਨੂੰ hydroxyurea ਤੋਂ ਕਦੇ ਵੀ ਕੋਈ ਅਸਧਾਰਨ ਜਾਂ **ਐਲਰਜਿਕ ਰੀਐਕਸ਼ਨ** ਹੋਇਆ ਹੈ ਤਾਂ hydroxyurea ਲੈਣ ਤੋਂ ਪਹਿਲਾਂ ਆਪਣੇ ਡਾਕਟਰ ਨੂੰ ਦੱਸੋ।
  Tell your doctor if you have ever had an unusual or **allergic reaction** to hydroxyurea before taking hydroxyurea.

- ਟ੍ਰੀਟਮੈਂਟ ਦੌਰਾਨ **ਖ਼ੂਨ ਦੀ ਜਾਂਚ** ਬਾਕਾਇਦਾ ਕੀਤੀ ਜਾਵੇਗੀ। ਟੈਸਟ ਦੇ ਨਤੀਜਿਆਂ ਅਤੇ/ਜਾਂ ਹੋਰਨਾ ਮਾੜੇ ਪ੍ਰਭਾਵਾਂ ਦੇ ਆਧਾਰ ’ਤੇ ਤੁਹਾਡੀ ਕੀਮੋਥੈਰੇਪੀ ਦੀ ਖ਼ੁਰਾਕ ਅਤੇ ਸਮਾਂ ਬਦਲਿਆ ਜਾ ਸਕਦਾ ਹੈ।
  **Blood tests** will be taken regularly during treatment. The dose and timing of your chemotherapy may be changed based on the test results and/or other side effects.

- ਇਹ ਜ਼ਰੂਰੀ ਹੈ ਕਿ hydroxyurea ਨੂੰ ਬਿਲਕੁਲ ਉਸੇ ਤਰ੍ਹਾਂ **ਲਿਆ** ਜਾਵੇ ਜਿਸ ਤਰ੍ਹਾਂ ਤੁਹਾਡੇ ਡਾਕਟਰ ਨੇ ਦੱਸਿਆ ਹੈ। ਯਕੀਨੀ ਬਣਾਓ ਕਿ ਤੁਸੀਂ ਨਿਰਦੇਸ਼ਾਂ ਨੂੰ ਸਮਝਦੇ ਹੋਵੋ।
  It is important to **take** hydroxyurea exactly as directed by your doctor. Make sure you understand the directions.

- ਤੁਸੀਂ hydroxyurea ਨੂੰ ਭੋਜਨ ਦੇ ਨਾਲ ਜਾਂ ਖ਼ਾਲੀ ਪੇਟ **ਲੈ** ਸਕਦੇ ਹੋ।
  You may **take** hydroxyurea with food or on an empty stomach.

- Hydroxyurea ਦੇ ਕੈਪਸੂਲਾਂ ਜਾਂ ਪੈਕਟਾਂ ਨੂੰ ਹੱਥ ਲਗਾਉਣ ਤੋਂ ਬਾਅਦ **ਆਪਣੇ ਹੱਥਾਂ ਨੂੰ ਧੋਵੋ**।
  **Wash your hands** after handling hydroxyurea capsules or packaging.

- ਜੇ ਤੁਸੀਂ hydroxyurea ਦੀ **ਖ਼ੁਰਾਕ ਲੈਣੀ ਭੁੱਲ ਜਾਂਦੇ ਹੋ** ਅਤੇ ਜੇ ਭੁੱਲੀ ਹੋਈ ਖ਼ੁਰਾਕ ਨੂੰ 12 ਘੰਟਿਆਂ ਤੋਂ ਘੱਟ ਸਮਾਂ ਹੋਇਆ ਹੈ ਤਾਂ ਜਿੰਨੀ ਜਲਦੀ ਹੋ ਸਕੇ ਖ਼ੁਰਾਕ ਲੈ ਲਵੋ। ਜੇ ਭੁੱਲੀ ਹੋਈ ਖ਼ੁਰਾਕ ਨੂੰ 12 ਘੰਟੇ ਤੋਂ ਵੱਧ ਸਮਾਂ ਹੋ ਚੁੱਕਾ ਹੈ ਤਾਂ ਉਸ ਖ਼ੁਰਾਕ ਨੂੰ ਛੱਡ ਦਿਓ ਅਤੇ ਦਵਾਈ ਦੀਆਂ ਬਾਕੀ ਖ਼ੁਰਾਕਾਂ ਆਪਣੇ ਆਮ ਸਮੇਂ ਮੁਤਾਬਕ ਲੈਣੀਆਂ ਜਾਰੀ ਰੱਖੋ।
  If you **miss a dose** of hydroxyurea, take it as soon as you can if it is within 12 hours of the missed dose. If it is over 12 hours since your missed dose, skip the missed dose and go back to your usual dosing times.

- ਟ੍ਰੀਟਮੈਂਟ ਦੇ ਪਹਿਲੇ ਇੱਕ ਜਾਂ ਦੋ ਹਫ਼ਤਿਆਂ ਦੌਰਾਨ ਤੁਹਾਡਾ ਡਾਕਟਰ ਤੁਹਾਨੂੰ ਜ਼ਿਆਦਾ ਤਰਲ ਪਦਾਰਥ **ਪੀਣ** ਲਈ ਕਹਿ **ਸਕਦਾ ਹੈ**, ਉਦਾਹਰਣ ਵਜੋਂ ਦਿਨ ਵਿੱਚ 8 ਕੱਪ (2000 ਮਿਲੀ ਲੀਟਰ ਜਾਂ 70 ਔਂਸ)। ਇਸ ਨਾਲ ਗੁਰਦਿਆਂ ਸੰਬੰਧੀ ਸਮੱਸਿਆਵਾਂ ਤੋਂ ਬਚਾਅ ਕਰਨ ਵਿੱਚ ਮਦਦ ਹੁੰਦੀ ਹੈ।
  Your doctor **may** tell you to **drink** plenty of liquids e.g., 8 cups (2000 mL or 70 oz) a day, during the first one to two weeks of treatment. This helps prevent kidney problems.

- **ਸ਼ਰਾਬ ਪੀਣ ਦਾ** (ਥੋੜ੍ਹੀ ਮਾਤਰਾ ਵਿੱਚ) hydroxyurea ਦੀ ਸੁਰੱਖਿਆ ਅਤੇ ਉਪਯੋਗਤਾ ’ਤੇ ਅਸਰ ਪੈਂਦਾ ਪ੍ਰਤੀਤ ਨਹੀਂ ਹੁੰਦਾ।
  The **drinking of alcohol** (in small amounts) does not appear to affect the safety or usefulness of hydroxyurea.

- ਇਸ ਬਾਰੇ ਪਤਾ ਨਹੀਂ ਹੈ ਕਿ ਕੀ hydroxyurea ਪੁਰਸ਼ਾਂ ਵਿੱਚ **ਨਪੁੰਸਕਤਾ** ਅਤੇ ਔਰਤਾਂ ਵਿੱਚ **ਮੀਨੋਪੌਜ਼** (**ਮਾਹਵਾਰੀ ਚੱਕਰਾਂ ਦੀ ਸਮਾਪਤੀ**) ਦਾ ਕਾਰਣ ਬਣਦੀ ਹੈ। ਜੇ ਤੁਹਾਡੀ ਬੱਚੇ ਪੈਦਾ ਕਰਨ ਦੀ ਯੋਜਨਾ ਹੈ ਤਾਂ hydroxyurea ਨਾਲ ਇਲਾਜ ਕਰਵਾਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ।
  It is not known if hydroxyurea causes **sterility** in men or **menopause** in women. If you plan to have children, discuss this with your doctor before being treated with hydroxyurea.

- Hydroxyurea ਵੀਰਜ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਜੇ ਇਸ ਨੂੰ ਗਰਭ ਅਵਸਥਾ ਦੌਰਾਨ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਇਹ ਬੱਚੇ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ। Hydroxyurea ਨਾਲ ਇਲਾਜ ਕਰਵਾਉਣ ਸਮੇਂ **ਪਰਿਵਾਰ ਨਿਯੋਜਨ** ਦਾ ਇਸਤੇਮਾਲ ਸਰਬੋਤਮ ਹੁੰਦਾ ਹੈ। ਜੇ ਤੁਸੀਂ ਜਾਂ ਤੁਹਾਡੀ ਸਾਥਣ ਗਰਭ ਧਾਰਣ ਕਰ ਲੈਂਦੇ ਹੋ ਤਾਂ ਆਪਣੇ ਡਾਕਟਰ ਨੂੰ ਤੁਰੰਤ ਦੱਸੋ। ਇਲਾਜ ਦੌਰਾਨ ਬੱਚੇ ਨੂੰ ਆਪਣਾ ਦੁੱਧ ਨਾ ਚੁੰਘਾਓ।
  Hydroxyurea may damage sperm and may harm the baby if used during pregnancy. It is best to use **birth control** while being treated with hydroxyurea. Tell your doctor right away if you or your partner becomes pregnant. Do not breast feed during treatment.

- Hydroxyurea ਕੈਪਸੂਲਾਂ ਨੂੰ ਤਾਪ, ਰੌਸ਼ਨੀ, ਅਤੇ ਨਮੀ ਤੋਂ ਦੂਰ, ਕਮਰੇ ਦੇ ਤਾਪਮਾਨ ’ਤੇ, ਬੱਚਿਆਂ ਦੀ ਪਹੁੰਚ ਤੋਂ ਦੂਰ **ਰੱਖੋ**।
  **Store** hydroxyurea capsules out of the reach of children, at room temperature, away from heat, light, and moisture.

- ਡਾਕਟਰਾਂ, ਦੰਦਾਂ ਦੇ ਡਾਕਟਰਾਂ ਜਾਂ ਹੋਰ ਸਿਹਤ ਪੇਸ਼ੇਵਰਾਂ ਤੋਂ ਕੋਈ ਵੀ ਇਲਾਜ ਕਰਵਾਉਣ ਤੋਂ ਪਹਿਲਾਂ ਉਨ੍ਹਾਂ ਨੂੰ **ਦੱਸੋ** ਕਿ hydroxyurea ਨਾਲ ਤੁਹਾਡਾ ਇਲਾਜ ਕੀਤਾ ਜਾ ਰਿਹਾ ਹੈ।
  **Tell** doctors or dentists that you are being treated with hydroxyurea before you receive any treatment from them.

- Hydroxyurea ***ਆਮ ਤੌਰ ’ਤੇ ਮੁਆਫ਼ਕ ਰਹਿੰਦੀ ਹੈ*** ਅਤੇ ਇਸ ਕਾਰਣ ਗੰਭੀਰ ਮਾੜੇ ਪ੍ਰਭਾਵ ਬਹੁਤ ਘੱਟ ਹੁੰਦੇ ਹਨ।
  Hydroxyurea is ***usually well tolerated*** and serious side effects are rare.

## <u>ਖ਼ੂਨ ਦੇ ਕਣਾਂ ਦੀ ਗਿਣਤੀ (ਬਲੱਡ ਕਾਊਂਟਸ) ਵਿੱਚ ਤਬਦੀਲੀਆਂ</u>
## <u>Changes in blood counts</u>

Hydroxyurea ਤੁਹਾਡੇ ਖ਼ੂਨ ਦੇ ਕਣਾਂ ਦੀ ਗਿਣਤੀ (ਬਲੱਡ ਕਾਊਂਟਸ) ਵਿੱਚ ਅਸਥਾਈ ਤਬਦੀਲੀਆਂ ਦਾ ਕਾਰਣ ਬਣ ਸਕਦੀ ਹੈ। ਤੁਹਾਡਾ ਡਾਕਟਰ ਖ਼ੂਨ ਦੇ ਟੈਸਟਾਂ ਰਾਹੀਂ ਧਿਆਨ ਨਾਲ ਇਨ੍ਹਾਂ ਤਬਦੀਲੀਆਂ ਦੀ ਪੈੜ ਰੱਖੇਗਾ। ਕੁਝ ਸਥਿਤੀਆਂ ਵਿੱਚ ਤੁਹਾਡੇ ਟ੍ਰੀਟਮੈਂਟ ਵਿੱਚ ਤਬਦੀਲੀਆਂ ਕਰਨ ਦੀ ਲੋੜ ਪੈ ਸਕਦੀ ਹੈ।
Hydroxyurea may cause temporary changes in your blood counts. Your doctor will be following these changes carefully by performing blood tests. Adjustment of your treatment may be needed in certain circumstances.

| ਖ਼ੂਨ ਦੇ ਕਣਾਂ ਦੀ ਗਿਣਤੀ<br>**BLOOD COUNTS** | ਪ੍ਰਬੰਧਨ<br>**MANAGEMENT** |
|---|---|
| ਖ਼ੂਨ ਦੇ ਆਮ ਚਿੱਟੇ ਸੈੱਲ ਇਨਫ਼ੈਕਸ਼ਨ ਦਾ ਕਾਰਣ ਬਣਨ ਵਾਲੇ ਬੈਕਟੀਰੀਆ (ਰੋਗਾਣੂਆਂ) ਨਾਲ ਲੜ ਕੇ ਤੁਹਾਡੇ ਸਰੀਰ ਦੀ ਰੱਖਿਆ ਕਰਦੇ ਹਨ। **ਜਦੋਂ ਖ਼ੂਨ ਵਿੱਚ ਇਹ ਸੈੱਲ ਘੱਟ ਹੋ ਜਾਣ, ਉਦੋਂ ਤੁਹਾਨੂੰ ਇਨਫ਼ੈਕਸ਼ਨ ਹੋਣ ਦਾ ਜ਼ਿਆਦਾ ਖ਼ਤਰਾ ਹੁੰਦਾ ਹੈ।** Hydroxyurea ਕਾਰਣ ਅਜਿਹਾ ਬਹੁਤ ਘੱਟ ਹੁੰਦਾ ਹੈ।<br>Normal white blood cells protect your body by fighting bacteria (germs) that cause infection. **When they are low, you are at greater risk of having an infection**. This rarely occurs with hydroxyurea. | ਇਨਫ਼ੈਕਸ਼ਨ ਨੂੰ ਰੋਕਣ ਵਿੱਚ ਮਦਦ ਲਈ:<br>To help prevent infection:<br>• ਆਪਣੇ ਹੱਥਾਂ ਨੂੰ ਅਕਸਰ ਅਤੇ ਬਾਥਰੂਮ ਇਸਤੇਮਾਲ ਕਰਨ ਤੋਂ ਬਾਅਦ ਹਮੇਸ਼ਾ ਧੋਵੋ।<br>Wash your hands often and always after using the bathroom.<br>• ਭੀੜ ਅਤੇ ਬਿਮਾਰ ਲੋਕਾਂ ਤੋਂ ਦੂਰ ਰਹੋ।<br>Avoid crowds and people who are sick.<br>• ਇਨਫ਼ੈਕਸ਼ਨ ਦੇ ਪਹਿਲੇ ਸੰਕੇਤ ਜਿਵੇਂ ਕਿ ਬੁਖ਼ਾਰ (ਮੂੰਹ ਵਾਲੇ ਥਰਮਾਮੀਟਰ ਨਾਲ 100°F ਜਾਂ 38°C ਤੋਂ ਵੱਧ), ਠੰਢ ਲੱਗਣ, ਖੰਘ, ਜਾਂ ਪਿਸ਼ਾਬ ਕਰਨ ਵੇਲੇ ਜਲਨ ਹੋਣ ’ਤੇ ਆਪਣੇ ਡਾਕਟਰ ਨੂੰ ***ਤੁਰੰਤ*** ਕਾਲ ਕਰੋ।<br>Call your doctor ***immediately*** at the first sign of an infection such as fever (over 100°F or 38°C by an oral thermometer), chills, cough, or burning when you pass urine. |

| ਖ਼ੂਨ ਦੇ ਕਣਾਂ ਦੀ ਗਿਣਤੀ<br>**BLOOD COUNTS** | ਪ੍ਰਬੰਧਨ<br>**MANAGEMENT** |
|---|---|
| ਆਮ ਪਲੇਟਲੈਟਸ (ਰੰਗਹੀਣ ਰਕਤਾਣੂ) ਕਿਸੇ ਜ਼ਖ਼ਮ (ਮਿਸਾਲ ਲਈ ਕੱਟ ਲੱਗਣਾ) ਤੋਂ ਬਾਅਦ ਸਧਾਰਣ ਰੂਪ ਵਿੱਚ ਖ਼ੂਨ ਦਾ ਗਤਲਾ ਬਣਾਉਣ ਵਿੱਚ ਸਹਾਈ ਹੁੰਦੇ ਹਨ। **ਜਦੋਂ ਪਲੇਟਲੈਟ ਘਟਦੇ ਹਨ ਤਾਂ ਤੁਹਾਨੂੰ ਰਗੜਾਂ ਲੱਗਣ ਜਾਂ ਤੁਹਾਡਾ ਖ਼ੂਨ ਵਹਿਣ ਦੀ ਵੱਧ ਸੰਭਾਵਨਾ ਹੁੰਦੀ ਹੈ।** Hydroxyurea ਕਾਰਣ ਅਜਿਹਾ ਬਹੁਤ ਘੱਟ ਹੁੰਦਾ ਹੈ।<br>Normal platelets help your blood to clot normally after an injury (e.g., cut). **When the platelet count is low you may be more likely to bruise or bleed.** This rarely occurs with hydroxyurea. | ਖ਼ੂਨ ਵਹਿਣ ਦੀਆਂ ਸਮੱਸਿਆਵਾਂ ਦੀ ਰੋਕਥਾਮ ਵਿੱਚ ਮਦਦ ਲਈ:<br>To help prevent bleeding problems:<br>• ਕੋਸ਼ਿਸ਼ ਕਰੋ ਕਿ ਤੁਹਾਡੇ ਰਗੜਾਂ ਜਾਂ ਕੱਟ ਨਾ ਲੱਗਣ ਜਾਂ ਤੁਹਾਨੂੰ ਜਲਨ ਦੇ ਜ਼ਖ਼ਮ ਨਾ ਹੋਣ।<br>Try not to bruise, cut, or burn yourself.<br>• ਅਰਾਮ ਨਾਲ ਸੁਣਕ ਕੇ ਨੱਕ ਸਾਫ਼ ਕਰੋ। ਆਪਣੇ ਨੱਕ ਵਿੱਚ ਉਂਗਲੀ ਨਾ ਪਾਓ।<br>Clean your nose by blowing gently. Do not pick your nose.<br>• ਕਬਜ਼ ਤੋਂ ਬਚੋ।<br>Avoid constipation.<br>• ਨਰਮ ਟੁੱਥ-ਬਰੁਸ਼ ਨਾਲ ਆਪਣੇ ਦੰਦਾਂ ’ਤੇ ਹੌਲੀ-ਹੌਲੀ ਬੁਰਸ਼ ਕਰੋ ਕਿਉਂਕਿ ਤੁਹਾਡੇ ਮਸੂੜਿਆਂ ਵਿੱਚੋਂ ਅਸਾਨੀ ਨਾਲ ਖ਼ੂਨ ਵਹਿ ਸਕਦਾ ਹੈ। ਮੂੰਹ ਦੀ ਚੰਗੀ ਸਵੱਛਤਾ ਬਰਕਰਾਰ ਰੱਖੋ।<br>Brush your teeth gently with a soft toothbrush as your gums may bleed more easily. Maintain good oral hygiene.<br>ਕੁਝ ਦਵਾਈਆਂ ਜਿਵੇਂ ਕਿ ASA (ਮਿਸਾਲ ਲਈ ASPIRIN® - ਐਸਪਰੀਨ) ਜਾਂ ibuprofen (ਇਬੂਪ੍ਰੋਫ਼ੇਨ) (ਮਿਸਾਲ ਲਈ, ADVIL® - ਐਡਵਿਲ) ਤੁਹਾਡੇ ਖ਼ੂਨ ਵਹਿਣ ਦੇ ਖ਼ਤਰੇ ਨੂੰ ਵਧਾ ਸਕਦੀਆਂ ਹਨ।<br>Some medications such as ASA (e.g., ASPIRIN®) or ibuprofen (e.g., ADVIL®) may increase your risk of bleeding.<br>• ਆਪਣੇ ਡਾਕਟਰ ਵੱਲੋਂ ਦੱਸੀ ਹੋਈ ਕੋਈ ਵੀ ਦਵਾਈ ਲੈਣੀ ਬੰਦ ਨਾ ਕਰੋ (ਮਿਸਾਲ ਲਈ, **ਤੁਹਾਡੇ ਦਿਲ ਲਈ ASA**)।<br>Do not stop taking any medication that has been prescribed by your doctor (e.g., **ASA for your heart**).<br>• ਮਾਮੂਲੀ ਦਰਦ ਲਈ, ਪਹਿਲਾਂ ਐਸੀਟਾਮਿਨੋਫ਼ੇਨ (ਮਿਸਾਲ ਲਈ TYLENOL® - ਟਾਈਲੇਨੌਲ) ਲੈ ਕੇ ਦੇਖੋ, ਪਰ ਕਦੇ-ਕਦਾਈਂ ibuprofen (ਇਬੂਪ੍ਰੋਫ਼ੇਨ) ਵੀ ਲਈ ਜਾ ਸਕਦੀ ਹੈ।<br>For minor pain, try acetaminophen (e.g., TYLENOL) first, but occasional use of ibuprofen may be acceptable. |

| ਮਾੜੇ ਪ੍ਰਭਾਵ<br>**SIDE EFFECTS** | ਪ੍ਰਬੰਧਨ<br>**MANAGEMENT** |
|---|---|
| ਅਜਿਹਾ ਬਹੁਤ ਘੱਟ ਹੁੰਦਾ ਹੈ ਕਿ hydroxyurea ਨਾਲ **ਵਾਲ਼ ਝੜਨ** ਲੱਗ ਜਾਣ। ਜੇ ਤੁਹਾਡੇ ਵਾਲ਼ ਝੜਦੇ ਹਨ, ਤਾਂ ਜਦੋਂ ਤੁਸੀਂ hydroxyurea ਟ੍ਰੀਟਮੈਂਟ ਬੰਦ ਕਰੋਗੇ, ਉਦੋਂ ਇਹ ਵਾਪਸ ਆ ਜਾਣਗੇ। ਰੰਗ ਜਾਂ ਬਣਾਵਟ ਵਿੱਚ ਤਬਦੀਲੀ ਆ ਸਕਦੀ ਹੈ।<br>**Hair loss is rare** with hydroxyurea. If you lose hair, it will grow back once you stop treatment with hydroxyurea. Colour and texture may change. | • ਕੋਮਲ ਸ਼ੈਂਪੂ ਅਤੇ ਨਰਮ ਬੁਰਸ਼ ਦੀ ਵਰਤੋਂ ਕਰੋ।<br>Use a gentle shampoo and soft brush.<br>• ਵਾਲ਼ਾਂ ਦੇ ਸਪ੍ਰੇ, ਬਲੀਚਿਜ਼, ਵਾਲ਼ ਰੰਗਣ ਅਤੇ ਵਾਲ਼ਾਂ ਵਿੱਚ ਕੁੰਡਲ ਪਾਉਣ ਵਾਲੀਆਂ ਚੀਜ਼ਾਂ ਦਾ ਇਸਤੇਮਾਲ ਧਿਆਨ ਨਾਲ ਕਰਨਾ ਚਾਹੀਦਾ ਹੈ।<br>Care should be taken with use of hair spray, bleaches, dyes, and perms. |

**ਜੇ ਤੁਹਾਨੂੰ ਹੇਠ ਲਿਖੀਆਂ ਸਮੱਸਿਆਵਾਂ ਵਿੱਚੋਂ ਕੋਈ ਵੀ ਸਮੱਸਿਆ ਹੋਵੇ ਤਾਂ HYDROXYUREA ਲੈਣੀ ਬੰਦ ਕਰ ਦਿਓ ਅਤੇ ਆਪਣੇ ਡਾਕਟਰ ਨੂੰ ਮਿਲੋ ਜਾਂ ਤੁਰੰਤ ਐਮਰਜੰਸੀ ਮਦਦ ਲਵੋ:**
**STOP TAKING HYDROXYUREA AND SEE YOUR DOCTOR OR GET EMERGENCY HELP IMMEDIATELY IF YOU HAVE:**

- **ਇਨਫ਼ੈਕਸ਼ਨ** ਦੇ ਲੱਛਣ ਜਿਵੇਂ ਕਿ ਬੁਖ਼ਾਰ (ਮੂੰਹ ਵਾਲੇ ਥਰਮਾਮੀਟਰ ਰਾਹੀਂ 100°F ਜਾਂ 38°C ਤੋਂ ਵੱਧ), ਕਾਂਬੇ ਵਾਲੀ ਠੰਢ; ਖੰਘ, ਗਲੇ ਵਿੱਚ ਤੀਬਰ ਦਰਦ, ਬਲਗਮ ਵਾਲੀ ਖੰਘ (ਖੰਘ ਨਾਲ ਗਾੜ੍ਹੇ ਜਾਂ ਹਰੇ ਰੰਗ ਦਾ ਥੁੱਕ ਆਉਣਾ), ਪਿਸ਼ਾਬ ਕਰਨ ਸਮੇਂ ਦਰਦ ਹੋਣਾ, ਗੰਧਲਾ ਜਾਂ ਬਦਬੂਦਾਰ ਪਿਸ਼ਾਬ; ਚਮੜੀ 'ਤੇ ਤਕਲੀਫ਼ਦੇਹ, ਨਾਜ਼ੁਕ, ਜਾਂ ਸੁੱਜੇ ਹੋਏ ਲਾਲ ਰੰਗ ਦੇ ਜ਼ਖ਼ਮ ਜਾਂ ਫੋੜੇ।
  Signs of an **infection** such as fever (over 100°F or 38°C by an oral thermometer), shaking chills; cough, severe sore throat, productive cough (coughing up thick or green sputum); painful urination, cloudy or foul smelling urine; painful, tender, or swollen red skin wounds or sores.
- **ਖ਼ੂਨ ਵਗਣ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਕਾਲੀਆਂ ਜਾਂ ਕੋਲਤਾਰ ਵਰਗੀਆਂ ਟੱਟੀਆਂ; ਪਿਸ਼ਾਬ ਵਿੱਚ ਖ਼ੂਨ; ਚਮੜੀ 'ਤੇ ਸੂਈ ਦੇ ਨੋਕ ਵਰਗੇ ਲਾਲ ਨਿਸ਼ਾਨ; ਨੱਕ ਵਿੱਚੋਂ ਬਹੁਤ ਜ਼ਿਆਦਾ ਖ਼ੂਨ ਵਗਣਾ; ਬਹੁਤ ਜ਼ਿਆਦਾ ਰਗੜਾਂ ਲੱਗਣੀਆਂ।
  Signs of **bleeding problems** such as black, tarry stools; blood in urine; pinpoint red spots on skin; severe nose bleed; extensive bruising.
- ਇਲਾਜ ਤੋਂ ਥੋੜ੍ਹਾ ਸਮਾਂ ਬਾਅਦ **ਐਲਰਜੀ ਦੀ ਪ੍ਰਤੀਕਿਰਿਆ** (ਕਦੇ ਹੀ) ਦੇ ਲੱਛਣ ਜਿਸ ਵਿੱਚ ਸਿਰ ਦਾ ਚਕਰਾਉਣਾ, ਦਿਲ ਦੀ ਤੇਜ਼ ਧੜਕਨ, ਮੂੰਹ ਦੀ ਸੋਜਸ਼ ਜਾਂ ਸਾਹ ਦੀਆਂ ਸਮੱਸਿਆਵਾਂ ਸ਼ਾਮਲ ਹਨ।
  Signs of an **allergic reaction** (rare) soon after a treatment including dizziness, fast heart beat, face swelling, or breathing problems.
- **ਦੌਰਾ ਪੈਣਾ** ਜਾਂ **ਬੇਹੋਸ਼ ਹੋ ਜਾਣਾ**।
  **Seizures** or **loss of consciousness**.

**ਜੇ ਤੁਹਾਨੂੰ ਅੱਗੇ ਦਿੱਤਿਆਂ ਵਿੱਚੋਂ ਕੁਝ ਹੁੰਦਾ ਹੈ ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਡਾਕਟਰ ਨੂੰ ਮਿਲੋ (ਦਫ਼ਤਰੀ ਸਮੇਂ ਦੌਰਾਨ):**
**SEE YOUR DOCTOR AS SOON AS POSSIBLE (DURING OFFICE HOURS) IF YOU HAVE:**

- ਜਿੱਥੇ ਰੇਡੀਏਸ਼ਨ ਦਿੱਤੀ ਗਈ ਸੀ, ਉਸ ਥਾਂ 'ਤੇ **ਚਮੜੀ ਦਾ ਤੀਬਰ ਰੀਐਕਸ਼ਨ**।
  Severe **skin reaction** where you have had radiation.
- **ਅਨੀਮੀਆ** (**ਖ਼ੂਨ ਦੀ ਕਮੀ**) ਦੇ ਲੱਛਣ ਜਿਵੇਂ ਕਿ ਅਸਧਾਰਣ ਥਕੇਵਾਂ ਜਾਂ ਕਮਜ਼ੋਰੀ।
  Signs of **anemia** such as unusual tiredness or weakness.
- **ਜਿਗਰ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਅੱਖਾਂ ਜਾਂ ਚਮੜੀ ਦਾ ਪੀਲਾਪਣ, ਚਿੱਟੇ ਜਾਂ ਮਿੱਟੀ-ਰੰਗੀ ਟੱਟੀ।
  Signs of **liver problems** such as yellow eyes or skin, white or clay-coloured stools.
- **ਗੁਰਦੇ ਦੀਆਂ ਸਮੱਸਿਆਵਾਂ** ਦੇ ਲੱਛਣ ਜਿਵੇਂ ਕਿ ਪਿੱਠ ਦੇ ਹੇਠਲੇ ਜਾਂ ਇੱਕ ਪਾਸੇ ਦਾ ਦਰਦ, ਪੈਰਾਂ ਜਾਂ ਲੱਤਾਂ ਦੇ ਹੇਠਲੇ ਹਿੱਸਿਆਂ ਦੀ ਸੋਜਸ਼।
  Signs of **kidney problems** such as lower back or side pain, swelling of feet or lower legs.
- **ਢਿੱਡ ਵਿੱਚ** ਬਹੁਤ ਜ਼ਿਆਦਾ **ਦਰਦ**।
  Severe **stomach pain**.

- **ਗਠੀਏ** ਦੇ ਸੰਕੇਤ ਜਿਵੇਂ ਕਿ ਜੋੜਾਂ ਵਿੱਚ ਦਰਦ।
  Signs of **gout** such as joint pain.
- **ਚਮੜੀ ਉੱਪਰ ਤਬਦੀਲੀਆਂ** ਜਿਵੇਂ ਕਿ ਫ਼ੋੜੇ, ਖਿਚਾਵ ਦੇ ਨਿਸ਼ਾਨ (ਸਟ੍ਰੈਚ ਮਾਰਕ) ਅਤੇ ਜ਼ਖ਼ਮ ਠੀਕ ਹੋਣ ਵਿੱਚ ਜ਼ਿਆਦਾ ਸਮਾਂ ਲੱਗਣਾ।
  **Skin changes** such as ulcers, stretch marks and slow wound healing.
- ਸਪਸ਼ਟ ਅਤੇ ਤਰਕਸ਼ੀਲ ਢੰਗ ਨਾਲ ਸੋਚ ਸਕਣ ਵਿੱਚ ਵੱਡੀਆਂ ਤਬਦੀਲੀਆਂ।
  Significant changes in **thinking** clearly and logically.
- **ਮੂੰਹ ਜਾਂ ਗਲਾ** ਇੰਨਾ ਜ਼ਿਆਦਾ **ਪੱਕ ਜਾਣਾ** ਕਿ ਆਰਾਮ ਨਾਲ ਨਿਗਲਣਾ ਮੁਸ਼ਕਲ ਹੋ ਜਾਵੇ।
  Increased **sore throat or mouth** that makes it difficult to swallow comfortably.

**ਜੇ ਅੱਗੇ ਦਿੱਤਿਆਂ ਵਿੱਚੋਂ ਕੋਈ ਵੀ ਸਮੱਸਿਆ ਜਾਰੀ ਰਹਿੰਦੀ ਹੈ ਜਾਂ ਤੁਹਾਨੂੰ ਪਰੇਸ਼ਾਨ ਕਰਦੀ ਹੈ ਤਾਂ ਆਪਣੇ ਡਾਕਟਰ ਤੋਂ ਜਾਂਚ ਕਰਵਾਓ:**
**CHECK WITH YOUR DOCTOR IF ANY OF THE FOLLOWING CONTINUE OR BOTHER YOU:**

- ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ, ਕਬਜ਼ ਹੋਣੀ ਜਾਂ ਦਸਤ ਲੱਗਣੇ।
  Nausea, vomiting, constipation, or diarrhea.
- ਭੁੱਖ ਨਾ ਲੱਗਣੀ।
  Loss of appetite.
- ਕੈਪਸੂਲ ਲੰਘਾਉਣ ਵਿੱਚ ਮੁਸ਼ਕਲ।
  Difficulty swallowing capsules.
- ਸੁਸਤੀ ਜਾਂ ਚੱਕਰ ਆਉਣੀ
  Drowsiness or dizziness.
- ਸਿਰਦਰਦ ਜਾਂ ਦਰਦ ਜੋ acetaminophen (ਐਸੀਟਾਮੀਨੋਫ਼ੇਨ) ਨਾਲ ਕਾਬੂ ਨਹੀਂ ਹੁੰਦਾ।
  Headache or pain not controlled with acetaminophen.
- ਅਸਾਨੀ ਨਾਲ ਝਰੀਟਾਂ ਲੱਗਣੀਆਂ ਜਾਂ ਖ਼ੂਨ ਦਾ ਮਾਮੂਲੀ ਵਹਾਅ।
  Easy bruising or minor bleeding.
- ਲਾਲੀ, ਸੋਜਸ਼, ਪੀੜ ਜਾਂ ਬੁਲ੍ਹਾਂ, ਜੀਭ, ਮੂੰਹ ਜਾਂ ਗਲੇ ਵਿੱਚ ਛਾਲੇ।
  Redness, swelling, pain, or sores on your lips, tongue, mouth, or throat.
- ਹੱਥਾਂ, ਪੈਰਾਂ ਜਾਂ ਲੱਤਾਂ ਦੇ ਹੇਠਲੇ ਹਿੱਸੇ ’ਤੇ ਸੋਜਸ਼
  Swelling of hands, feet, or lower legs.
- ਚਮੜੀ ’ਤੇ ਧੱਫੜ ਜਾਂ ਖਾਜ।
  Skin rash or itching.
- ਚਮੜੀ ਦੇ ਰੰਗ ਜਾਂ ਨਹੁੰਆਂ ਵਿੱਚ ਤਬਦੀਲੀਆਂ।
  Skin colour or nail changes.

**ਹੋਰ ਸਮੱਸਿਆਵਾਂ ਬਾਰੇ ਆਪਣੇ ਡਾਕਟਰ ਨੂੰ ਸੂਚਿਤ ਕਰੋ**
**REPORT ADDITIONAL PROBLEMS TO YOUR DOCTOR**